ਭਾਗ 5

ਮੁੱਖਬੰਧ:

ਕਿਉਂ ਬਹੁਤ ਸਾਰੇ ਚੰਗੇ ਅਤੇ ਗੰਭੀਰ ਮਸੀਹੀ "ਆਤਮਿਕ ਤੌਰ ਤੇ ਅਟਕ" ਜਾਂਦੇ ਹਨ? ਉਹ ਪਰਮੇਸ਼ੁਰ ਨੂੰ ਪਿਆਰ ਕਰਦੇ ਹਨ, ਉਹ ਵਧਣਾ ਚਾਹੁੰਦੇ ਹਨ, ਓਹਨਾਂ ਨੇ ਕੁਝ ਆਤਮਿਕ ਬਦਲਾਅ ਦਾ ਮਾਪ ਵੀ ਵੇਖਿਆ ਹੁੰਦਾ ਹੈ, ਪਰ ਉਹ "ਅਟਕ," ਜਾਂਦੇ ਹਨ, ਉਹ ਇੱਕ ਆਤਮਿਕ ਛੱਤ ਨਾਲ ਰੋਕੇ ਜਾਂਦੇ ਹਨ। ਕੁਝ ਆਦਤਾਂ ਅਤੇ ਰਵੱਈਏ ਕਦੇ ਵੀ ਬਦਲਦੇ ਪ੍ਰਤੀਤ ਨਹੀਂ ਹੁੰਦੇ ਹਨ। ਸਖ਼ਤ ਕੋਸ਼ਿਸ਼ ਕਰਨਾ ਅਤੇ "ਮੁੜ-ਸਮਰਪਣ ਕਰਨਾ" ਸਿਰਫ ਥੋੜੇ ਸਮੇਂ ਤੱਕ ਹੀ ਰਹਿੰਦਾ ਹੈ। ਜਦੋਂ ਤੁਸੀਂ ਆਤਮਿਕ ਤੌਰ ਤੇ ਅਟਕ ਜਾਂਦੇ ਹੋ ਤਾਂ ਤੁਸੀਂ ਕੀ ਕਰਦੇ ਹੋ?

ਕਹਾਵਤ: ਸਭ ਤੋਂ ਵਧੀਆ ਬੀਜ, ਸਭ ਤੋਂ ਵਧੀਆ ਜ਼ਮੀਨ ਵਿੱਚ ਵੀ, ਗਲਤ ਵਾਤਾਵਰਣ ਵਿੱਚ ਨਹੀਂ ਵਧ ਸਕਦਾ ਹੈ।

- ਯਿਸੂ ਦਾ **ਹੁਕਮ** ਇੱਕ ਬਹੁਤ ਖਾਸ ਆਤਮਿਕ ਕਿਸਮ ਦੇ ਆਤਮਿਕ ਵਾਤਾਵਰਣ ਦੀ ਮੰਗ ਕਰਦਾ ਹੈ।

  ਯੂਹੰਨਾ 13:34-35

- ਯਿਸੂ ਦੇ ਚੇਲੇ ਵਿਕਸਿਤ ਕਰਨ ਲਈ ਉਸ ਦੀ ਸੇਵਕਾਈ ਦੀ **ਉਦਾਹਰਣ** ਇੱਕ ਖਾਸ ਕਿਸਮ ਦੇ ਵਾਤਾਵਰਣ ਦੀ ਮੰਗ ਕਰਦੀ ਹੈ।

  ਮਰਕੁਸ 3:13-14

- ਅਰੰਭ ਦੀ ਕਲੀਸਿਯਾ ਦਾ **ਅਭਿਆਸ** ਅਤੇ ਇਸ ਦਾ ਪ੍ਰਭਾਵ ਇੱਕ ਖਾਸ ਕਿਸਮ ਦੇ ਵਾਤਾਵਰਣ ਦੀ ਮੰਗ ਕਰਦਾ ਹੈ।

  ਰਸੂਲਾਂ ਦੇ ਕਰਤੱਬ 3:13-14

- ਕਲੀਸਿਯਾ ਦਾ **ਇਤਹਾਸ**, ਅਤੀਤ ਅਤੇ ਵਰਤਮਾਨ, ਆਤਮਿਕ ਵਾਧੇ ਅਤੇ ਬਦਲਾਅ ਲਈ ਇੱਕ ਖਾਸ ਵਾਤਵਾਰਣ ਦੀ ਤਸਦੀਕ ਕਰਦਾ ਹੈ।

ਆਤਮਿਕ ਵਾਤਾਵਰਣ: **ਪ੍ਰਮਾਣਿਕ ਭਾਈਚਾਰਾ**

ਆਕਾਰ ਜੋ ਇਹ ਪ੍ਰਣਾਲੀ ਲੈਂਦੀ ਹੈ: **ਇੱਕ ਛੋਟਾ ਸਮੂਹ**

ਇੱਕ ਸੰਗੀਨ ਫ਼ਰਕ: **ਪ੍ਰਮਾਣਿਕ ਭਾਈਚਾਰਾ** ≠ **ਇੱਕ ਛੋਟਾ ਸਮੂਹ**

Copyright © 2025 by Chip Ingram and Living on the Edge

ਸਿਧਾਂਤ: ਸਾਨੂੰ ਆਤਮਿਕ ਸਿੱਧਤਾ ਵਿੱਚ ਆਉਣ ਲਈ ਪ੍ਰਮਾਣਿਕ ਸੱਭਿਆਚਾਰ ਦੇ ਆਤਮਿਕ ਵਾਤਾਵਰਣ ਵਿੱਚ ਸ਼ਾਮਲ ਹੋਣਾ ਜ਼ਰੂਰੀ ਹੈ।

ਦੋ ਵੱਡੇ ਪ੍ਰਸ਼ਨ:

1. ਪ੍ਰਮਾਣਿਕ ਭਾਈਚਾਰਾ ਕੀ ਹੈ?

2. ਤੁਸੀਂ ਇਸ ਨੂੰ ਕਿਵੇਂ ਪ੍ਰਾਪਤ ਕਰਦੇ ਹੋ?

ਪ੍ਰਮਾਣਿਕ ਭਾਈਚਾਰਾ ਉਦੋਂ ਹੁੰਦਾ ਹੈ ਜਦੋਂ... ਰੋਮੀਆਂ 12:9-13

ਅਸਲ ਤੁਸੀਂ... ਆਇਤ 9

...***ਅਸਲ ਲੋੜਾਂ ਨੂੰ ਪੂਰਾ ਕਰਦੇ...*** ਆਇਤ 10

...***ਅਸਲ ਕਾਰਨਾਂ ਦੇ ਲਈ*** ... ਆਇਤ 11

...***ਅਸਲ ਢੰਗ ਦੇ ਵਿੱਚ।*** ਆਇਤਾਂ 12-13

ਅਸਲ ਤੁਸੀਂ **– ਨਾ ਕਿ ਆਪਣੇ ਆਪ ਦਾ ਪ੍ਰਦਰਸ਼ਣ** ਰੋਮੀਆਂ 12:9

- **ਪ੍ਰਮਾਣਿਕਤਾ** – *"ਪ੍ਰੇਮ ਨਿਸ਼ਕਪਟ ਹੋਵੇ"*
- **ਸ਼ੁੱਧਤਾ** – *"ਬੁਰਿਆਈ ਤੋਂ ਸੂਗ ਕਰੋ। ਭਲਿਆਈ ਨਾਲ ਮਿਲੇ ਰਹੋ।"*

ਅਸਲ ਲੋੜਾਂ ਨੂੰ ਪੂਰਾ ਕਰਦੇ **– ਨਾ ਕਿ ਨਕਲੀ ਲੋੜਾਂ ਨੂੰ।** ਰੋਮੀਆਂ 12:10

- **ਸਮਰਪਣ** – *"ਪਿਆਰ ਵਿੱਚ ਇੱਕ ਦੂਜੇ ਨਾਲ ਗੂੜ੍ਹਾ ਹਿੱਤ ਰੱਖੋ"*
- **ਹਲੀਮਤਾ** – *"ਆਦਰ ਵਿੱਚ ਇੱਕ ਦੂਜੇ ਨੂੰ ਚੰਗਾ ਸਮਝੋ।"*

Copyright © 2025 by Chip Ingram and Living on the Edge

ਅਸਲ ਕਾਰਨ ਲਈ – ਲੋਕਾਂ ਨੂੰ ਪਰਸੰਨ ਕਰਨ ਲਈ ਨਹੀਂ। ਰੋਮੀਆਂ 12:11

- **ਉਦੇਸ਼:** "ਮਿਹਨਤ ਵਿੱਚ ਕਦੇ ਵੀ ਢਿੱਲੇ ਨਾ ਹੋਵੋ, ਪਰ ਆਤਮਾ ਵਿੱਚ ਸਰਗਰਮ ਰਹੋ, ਪ੍ਰਭੂ ਦੀ ਸੇਵਾ ਕਰਦੇ ਹੋਏ।"
- **ਢੰਗ** – "ਪਰਮੇਸ਼ੁਰ ਦੇ ਲਈ ਅਸਲ ਸੇਵਾ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ:
  - ਮਿਹਨਤ – ਉੱਤਮਤਾ
  - ਜੋਸ਼ – ਜ਼ਨੂਨ

ਅਸਲ ਢੰਗ ਵਿੱਚ – ਸਾਡੀ ਆਪਣੀ ਤਾਕਤ ਤਾਕਤ ਵਿੱਚ ਨਹੀਂ। **ਰੋਮੀਆਂ** 12:12-13

- **ਉਤਾਂਹ ਵੱਲ ਫੋਕਸ** – *"ਆਸਾ ਵਿੱਚ ਅਨੰਦ ਅਤੇ ਬਿਪਤਾ ਵਿੱਚ ਧੀਰਜ ਕਰੋ, ਪ੍ਰਾਰਥਨਾ ਲਗਾਤਾਰ ਕਰਦੇ ਰਹੋ।"*
- **ਬਾਹਰ ਵੱਲ ਫੋਕਸ** – *"ਸੰਤਾਂ ਦੀਆਂ ਲੋੜਾ ਦੇ ਸਾਂਝੀ ਬਣੋ, ਪਰਾਹੁਣਚਾਰੀ ਪੁੱਜ ਕੇ ਕਰੋ।"*

ਯਿਸੂ ਲਈ ਪ੍ਰਮਾਣਿਕ ਭਾਈਚਾਰਾ ਮਹੱਤਵਪੂਰਣ ਕਿਉਂ ਹੈ?

*[20]"ਮੈਂ ਨਿਰਾ ਓਹਨਾ ਲਈ ਬੇਨਤੀ ਨਹੀਂ ਕਰਦਾ ਪਰ ਓਹਨਾਂ ਲਈ ਵੀ ਜਿਹੜੇ ਏਹਨਾਂ ਦੇ ਬਚਨ ਨਾਲ ਮੇਰੇ ਉੱਤੇ
ਨਿਹਚਾ ਕਰਨਗੇ। [21]ਜੇ ਓਹ ਸਭ ਇੱਕੋ ਹੋਣ ਜਿਸ ਤਰ੍ਹਾਂ, ਹੇ ਪਿਤਾ ਤੂੰ ਮੇਰੇ ਵਿੱਚ ਅਤੇ ਮੈਂ ਤੇਰੇ ਵਿੱਚ ਹਾਂ ਜੋ ਓਹ ਵੀ
ਸਾਡੇ ਵਿੱਚ ਹੋਣ ਤਾਂ ਜੋ ਜਗਤ ਸਤ ਮੰਨੇ ਭਈ ਤੈਂ ਮੈਨੂੰ ਘੱਲਿਆ।"*

ਯੂਹੰਨਾ 17:20-21

ਲਾਗੂਕਰਨ/ਚਰਚਾ ਪ੍ਰਸ਼ਨ:

1. ਇੱਕ ਓਸ ਸਮੇਂ ਬਾਰੇ ਵੰਡੋ ਜਦੋਂ ਤੁਸੀਂ ਮਸੀਹ ਵਿੱਚ ਭਰਾਵਾਂ ਅਤੇ ਭੈਣਾਂ ਨਾਲ ਇੱਕ ਖਾਸ ਢੰਗ ਵਿੱਚ ਪ੍ਰਮਾਣਿਕ ਭਾਈਚਾਰੇ ਦਾ ਅਨੁਭਵ ਕੀਤਾ ਸੀ।
2. ਇੱਕ ਓਸ ਸਮੇਂ ਦਾ ਵਰਣਨ ਕਰੋ ਜਦੋਂ ਇੱਕ ਮਸੀਹੀ ਦਾ ਕਪਟ ਤੁਹਾਡੇ ਲਈ ਇੱਕ ਠੋਕਰ ਦਾ ਕਾਰਨ ਸੀ।
3. ਤੁਹਾਡੇ ਅਨੁਸਾਰ ਸੰਬੰਧਾਂ ਵਿੱਚ ਪ੍ਰਮਾਣਿਕਤਾ ਐਨੀ ਮਹੱਤਵਪੂਰਣ ਕਿਉਂ ਹੈ? ਹੋਰਨਾਂ ਉੱਤੇ ਇੱਕ ਸਕਾਰਾਤਮਕ ਪ੍ਰਭਾਵ ਪਾਉਣ ਵਿੱਚ?

Copyright © 2025 by Chip Ingram and Living on the Edge

4. "ਅਸਲ ਲੋੜਾਂ" ਅਤੇ ਨਕਲੀ ਲੋੜਾਂ ਵਿਚਕਾਰ ਫ਼ਰਕ ਕੀ ਹੈ? "ਅਸਲ" ਲੋੜਾਂ ਨੂੰ ਪੂਰਾ ਕਰਨ ਵਿੱਚ ਉਦੇਸ਼ ਕਿਵੇਂ ਭੂਮਿਕਾ ਨਿਭਾਉਂਦਾ ਹੈ?

5. ਯੂਹੰਨਾ 17 ਵਿੱਚ ਯਿਸੂ ਦੀ ਪ੍ਰਾਰਥਨਾ ਦੇ ਉੱਤਰ ਹੋਣ ਲਈ ਤੁਹਾਨੂੰ ਆਪਣੇ ਆਪ ਲਈ ਜਾਂ ਕਿਸੇ ਹੋਰ ਲਈ ਪ੍ਰਮਾਣਿਕ ਭਾਈਚਾਰੇ ਦਾ ਨਿਰਮਾਣ ਕਰਨ ਵਾਸਤੇ ਕਿਹੜੇ ਵਿਸ਼ਵਾਸ/ਆਗਿਆਕਾਰੀ ਦੇ ਕਦਮ ਚੁੱਕਣ ਦੀ ਲੋੜ ਹੈ।

Copyright © 2025 by Chip Ingram and Living on the Edge